





# ਭਾਜਪਾ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਲਗਾਤਾਰ ਰਾਹਤ ਸਮੱਗਰੀ ਪਹੁੰਚਾ ਰਹੀ ਹੈ-ਰਣਜੀਤ ਸਿੰਘ ਖੋਜੇਵਾਲ

## ਪਿੰਡ ਆਹਲੀ ਖ਼ੁਰਦ ਵਿਚ 200 ਦੇ ਕਰੀਬ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮੱਗਰੀ ਕੀਤੀ ਤਕਸੀਮ

ਕਪੂਰਥਲਾ, 28 ਅਕਤੂਬਰ (ਅਮਰਜੀਤ ਕੋਮਲ)-ਪੰਜਾਬ ਵਿਚ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਲੋਕਾਂ ਦੀ ਭਾਜਪਾ ਦੀ ਕੌਮੀ ਤੇ ਸੂਬਾਈ ਲੀਡਰਸ਼ਿਪ ਵਲੋਂ ਲਗਾਤਾਰ ਮਦਦ ਕੀਤੀ ਜਾ ਰਹੀ ਹੈ। ਇਸੇ ਕੜੀ ਤਹਿਤ ਹੀ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਦੀ ਅਗਵਾਈ ਵਿਚ ਭਾਜਪਾ ਆਗੂਆਂ ਤੇ ਵਰਕਰਾਂ ਨੇ ਸੁਲਤਾਨਪੁਰ ਲੋਧੀ ਸਬ ਡਵੀਜ਼ਨ ਦੇ ਪਿੰਡ ਆਹਲੀ ਖ਼ੁਰਦ ਦੇ 200 ਦੇ ਕਰੀਬ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਮਗਰੀ ਤਕਸੀਮ ਕੀਤੀਆਂ। ਇਸ ਮੌਕੇ ਬੋਲਦਿਆਂ ਰਣਜੀਤ ਸਿੰਘ ਖੋਜੇਵਾਲ ਨੇ ਕਿਹਾ ਕਿ ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਵਲੋਂ ਆਹਲੀ ਖ਼ੁਰਦ ਦੇ ਦੌਰੇ ਦੌਰਾਨ ਦਰਿਆ ਬਿਆਸ ਵਿਚ ਆਏ ਹੜ੍ਹ ਨਾਲ ਟੁੱਟੇ ਬੰਨ੍ਹ ਦੀ ਮੁਰੰਮਤ ਲਈ ਲੋਕਾਂ ਵਲੋਂ ਕੀਤੀ ਗਈ ਮੰਗ 'ਤੇ ਉਨ੍ਹਾਂ ਨੂੰ ਪੋਕਲੇਨ ਮੁਹੱਈਆ ਕਰਵਾਈ ਜਾ ਚੁੱਕੀ ਹੈ ਤੇ ਇਸ ਪੋਕਲੇਨ ਤੇ ਡੀਜ਼ਲ ਦਾ ਸਾਰਾ ਖ਼ਰਚਾ ਵੀ ਪਾਰਟੀ ਵਲੋਂ ਦਿੱਤਾ ਜਾ ਰਿਹਾ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕਿ ਪੰਜਾਬ ਵਿਚ ਸੱਤਾ ਵਿਚ ਨਾ ਹੋਣ ਦੇ ਬਾਵਜੂਦ ਵੀ ਭਾਜਪਾ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਲਗਾਤਾਰ ਰਾਹਤ ਸਮਗਰੀ ਪਹੁੰਚਾ ਰਹੀ ਹੈ ਤੇ ਭਾਜਪਾ ਦੇ ਕੇਂਦਰੀ ਤੇ ਸੂਬਾਈ ਆਗੂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣ ਰਹੇ ਹਨ। ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ ਹਮੇਸ਼ਾ ਉਨ੍ਹਾਂ ਦੇ ਨਾਲ ਹੈ ਤੇ ਉਨ੍ਹਾਂ ਦੀ ਸਮੇਂ ਸਮੇਂ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਹੜ੍ਹ ਨਾਲ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਵਿਚ ਤੇਜੀ ਲਿਆਂਦੀ ਜਾਵੇ ਤਾਂ ਜੋ ਪੀੜਤ ਲੋਕ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਸਮਰੱਥ ਹੋ ਸਕਣ। ਇਸ ਮੌਕੇ ਜਥੇ. ਰਣਜੀਤ ਸਿੰਘ ਆਹਲੀ ਖ਼ੁਰਦ, ਵਿੱਕੀ ਗੁਜਰਾਲ, ਲਖਵਿੰਦਰ ਸਿੰਘ ਨੰਬਰਦਾਰ, ਗੁਰਸੇਵਕ ਸਿੰਘ, ਪ੍ਰਧਾਨ ਸਿੰਘ, ਨੰਬਰਦਾਰ ਹਰਬੰਸ ਸਿੰਘ, ਵਿਰਸਾ ਸਿੰਘ, ਸੁਰਿੰਦਰ ਕੁਮਾਰ, ਮਲਕੀਤ ਸਿੰਘ, ਰੂੜ ਸਿੰਘ ਆਦਿ ਹਾਜ਼ਰ ਸਨ।



ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ, ਵਿੱਕੀ ਗੁਜਰਾਲ ਤੇ ਹੋਰ ਆਗੂ ਪਿੰਡ ਆਹਲੀ ਖ਼ੁਰਦ ਦੇ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਸਮੱਗਰੀ ਤਕਸੀਮ ਕਰਨ ਮੌਕੇ ਜਥੇ. ਰਣਜੀਤ ਸਿੰਘ ਆਹਲੀ ਖ਼ੁਰਦ, ਨੰਬਰਦਾਰ ਲਖਵਿੰਦਰ ਸਿੰਘ, ਗੁਰਸੇਵਕ ਸਿੰਘ ਤੇ ਹੋਰਾਂ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ। ਅਜੀਤ ਤਸਵੀਰ

# ਥਾਣਾ ਸੁਭਾਨਪੁਰ ਦੀ ਪੁਲਿਸ ਨੇ ਨੌਜਵਾਨ ਲੜਕੀ ਦੀ ਕੀਤੀ ਲਾਸ਼ ਬਰਾਮਦ

ਸੁਭਾਨਪੁਰ, 28 ਅਕਤੂਬਰ (ਸਤਨਾਮ ਸਿੰਘ)-ਥਾਣਾ ਸੁਭਾਨਪੁਰ ਦੀ ਪੁਲਿਸ ਨੂੰ ਅੱਜ ਦੁਪਹਿਰ ਮੌਕੇ ਇਕ ਨੌਜਵਾਨ ਲੜਕੀ ਦੀ ਭੇਦਭਰੇ ਹਾਲਾਤਾਂ ਵਿਚ ਲਾਸ਼ ਬਰਾਮਦ ਹੋਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਥਾਣਾ ਸੁਭਾਨਪੁਰ ਦੇ ਮੁਖੀ ਇੰਸਪੈਕਟਰ ਬਿਕਰਮਜੀਤ ਸਿੰਘ ਚੌਹਾਨ ਨੇ ਦੱਸਿਆ ਕਿ ਪੁਲਿਸ ਨੂੰ ਕਿਸੇ ਵਿਅਕਤੀ ਨੇ ਸੂਚਨਾ ਦਿੱਤੀ ਕੇ ਪਿੰਡ ਰਮੀਦੀ ਤੇ ਥੋੜ੍ਹਾ ਅੱਗੇ ਸੜਕ ਦੇ ਕਿਨਾਰੇ ਖੱਡਿਆਂ ਵਿਚ ਇੱਕ ਨੌਜਵਾਨ ਲੜਕੀ ਦੀ ਗਲੀ ਸੜੀ ਲਾਸ਼ ਪਈ ਹੈ। ਜਦੋਂ ਮੌਕੇ ਤੇ ਜਾ ਕੇ ਪੁਲਿਸ ਪਾਰਟੀ ਨੇ ਦੇਖਿਆ ਕਿ ਇੱਕ ਲੜਕੀ ਜਿਸ ਨੇ ਜੀਨ ਦੀ ਪੈਂਟ ਤੇ ਕਾਲੀ ਧਾਰੀਦਾਰ ਕੈਪਰੀ ਤੇ ਕਾਲੀ-ਟੀ ਸ਼ਰਟ ਪਹਿਨੀ ਹੋਈ ਸੀ। ਜਿਸ ਦੀ ਲਾਸ਼ ਵਿਚ ਕੀੜੇ ਚੱਲ ਰਹੇ ਸਨ। ਪੁਲਿਸ ਪਾਰਟੀ ਨੇ ਲਾਸ਼ ਦੀ ਸ਼ਨਾਖ਼ਤ ਕਰਨ ਲਈ ਨੇੜੇ-ਤੇੜੇ ਦੇ ਲੋਕਾਂ ਨਾਲ ਗੱਲਬਾਤ ਕੀਤੀ। ਪ੍ਰੰਤੂ ਲਾਸ਼ ਦੀ ਸ਼ਨਾਖ਼ਤ ਨਹੀਂ ਹੋ ਸਕੀ। ਪੁਲਿਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਕਪੂਰਥਲਾ ਵਿਖੇ ਮੋਰਚਰੀ ਵਿਚ 72 ਘੰਟਿਆਂ ਲਈ ਸ਼ਨਾਖ਼ਤ ਲਈ ਰਖਵਾ ਦਿੱਤਾ ਹੈ। ਥਾਣਾ ਮੁਖੀ ਇੰਸਪੈਕਟਰ ਬਿਕਰਮਜੀਤ ਸਿੰਘ ਚੌਹਾਨ ਨੇ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਤੋ ਬਾਅਦ ਬਣਦੀ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।


# ਅਪੰਗਤਾ ਵੱਲ ਵਧ ਰਹੇ ਅਧਰੰਗ ਦੇ ਮਰੀਜ਼ ਨੂੰ ਸਿਹਤਯਾਬੀ ਵੱਲ ਲੈ ਜਾਣ 'ਚ ਪੂਰੀ ਤਰ੍ਹਾਂ ਸਮਰਥ ਹੈ ਐੱਨ. ਐੱਚ. ਐੱਸ. ਹਸਪਤਾਲ-ਡਾ. ਸੰਦੀਪ ਗੋਇਲ

## ਕਿਉਂਕਿ ਅਧਰੰਗ ਦਾ ਦੌਰਾ ਆਉਣ 'ਤੇ ਮਰੀਜ਼ ਲਈ ਹਰ ਪਲ ਮਾਇਨੇ ਰੱਖਦਾ ਹੈ

12 ਸਾਲਾਂ ਤੋਂ ਵੱਧ ਸਮੇਂ ਤੋਂ ਲਗਾਤਾਰ ਅਧਰੰਗ ਦੇ ਮਰੀਜ਼ਾਂ ਨੂੰ ਇਲਾਜ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ, ਐੱਨ.ਐੱਚ.ਐੱਸ. ਹਸਪਤਾਲ ਇਸ ਖੇਤਰ 'ਚ ਇਕ ਭਰੋਸੇਯੋਗ ਨਾਮ ਬਣ ਗਿਆ ਹੈ, ਜੋ ਨਾ ਸਿਰਫ਼ ਆਪਣੀ ਤਕਨਾਲੋਜੀ ਲਈ ਸਗੋਂ ਆਪਣੇ ਟੀਮ ਵਰਕ ਅਤੇ ਹਮਦਰਦੀ ਵਾਲੀ ਦੇਖਭਾਲ ਲਈ ਵੀ ਜਾਣਿਆ ਜਾਂਦਾ ਹੈ। ਖੇਤਰ 'ਚ ਅਧਰੰਗ ਦੇ ਇਲਾਜ ਲਈ ਆਪਣੀ ਵੱਖਰੀ ਪਛਾਣ ਬਣਾ ਚੁੱਕੇ ਐੱਨ.ਐੱਚ.ਐੱਸ. ਹਸਪਤਾਲ 'ਚ ਹੁਣ ਹੋਰ ਵੀ ਵਿਸ਼ੇਸ਼ ਉਪਰਾਲਾ ਕੀਤਾ ਗਿਆ ਹੈ, ਜਿਸ ਤਹਿਤ ਜਦੋਂ ਅਧਰੰਗ ਦਾ ਦੌਰਾ ਆਉਣ ਤੋਂ ਬਾਅਦ ਕੋਈ ਮਰੀਜ਼ ਹਸਪਤਾਲ ਪਹੁੰਚਦਾ ਹੈ, ਤਾਂ ਉਸ ਨੂੰ ਤੁਰੰਤ ਇਲਾਜ ਲਈ ਸਥਾਪਿਤ ਕੀਤੇ ਵਿਸ਼ੇਸ਼ ਆਈ.ਸੀ.ਯੂ. 'ਚ ਲੈ ਜਾਇਆ ਜਾਂਦਾ ਹੈ, ਜਿਸ 'ਚ ਅਧਰੰਗ ਪ੍ਰਬੰਧਨ ਦੀ ਪ੍ਰਕਿਰਿਆ ਕੇਵਲ ਇਕ ਹੀ ਡਾਕਟਰ 'ਤੇ ਆਧਾਰਿਤ ਨਾ ਹੋ ਕੇ, ਸਗੋਂ ਇਹ ਹਸਪਤਾਲ 'ਚ ਸਥਾਪਿਤ ਕੀਤੀ ਗਈ ਇਕ ਪੂਰੀ ਪ੍ਰਣਾਲੀ ਹੈ, ਜਿਸ ਤਹਿਤ ਅੱਠ ਨਿਊਰੋਲੋਜਿਸਟਾਂ, ਨਿਊਰੋ ਸਰਜਨਾਂ ਅਤੇ ਨਿਊਰੋ-ਐਨੇਸਥੇਟਿਸਟਾਂ ਦੀ ਟੀਮ ਜੋ ਆਪਸੀ-ਤਾਲਮੇਲ ਨਾਲ ਇਕਸੁਰਤਾ 'ਚ ਕੰਮ ਕਰਦੇ ਹਨ। ਉਨ੍ਹਾਂ ਦੁਆਰਾ ਹਫ਼ਤੇ ਦੇ ਸੱਤੋ ਦਿਨ 24 ਘੰਟੇ ਇਲਾਜ ਦੀ ਸਹੂਲਤ ਉਪਲਬਧ ਕੀਤੀ ਗਈ ਹੈ, ਜਿਸ ਨਾਲ ਹੁਣ ਤੱਕ ਐੱਨ. ਐੱਚ. ਐੱਸ. ਹਸਪਤਾਲ 'ਚ ਹਜ਼ਾਰਾਂ ਮਰੀਜ਼ਾਂ ਦਾ ਪੁਨਰਵਾਸ ਸੰਭਵ ਹੋ ਸਕਿਆ ਹੈ।

**★ ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣਾ**

ਡਾ. ਸੰਦੀਪ ਗੋਇਲ, ਡਾਇਰੈਕਟਰ ਅਤੇ ਸੀਨੀਅਰ ਨਿਊਰੋਲੋਜਿਸਟ (ਡੀ.ਐੱਮ., ਨਿਊਰੋਲੋਜੀ), ਦਾ ਕਹਿਣਾ ਹੈ ਕਿ ਐੱਨ.ਐੱਚ.ਐੱਸ. ਹਸਪਤਾਲ 'ਚ ਧਿਆਨ ਸਿਰਫ਼ ਡਾਕਟਰੀ ਸਫ਼ਲਤਾ 'ਤੇ ਹੀ ਨਹੀਂ, ਸਗੋਂ ਮਰੀਜ਼ ਦੀ ਆਮ ਜ਼ਿੰਦਗੀ 'ਚ ਵਾਪਸ ਆਉਣ ਦੀ ਯੋਗਤਾ 'ਤੇ ਵੀ ਹੁੰਦਾ ਹੈ। ਟੀਮ ਇਹ ਮੰਨਦੀ ਹੈ ਕਿ ਜਦੋਂ ਇਕ ਵਿਅਕਤੀ ਨੂੰ ਅਧਰੰਗ ਹੁੰਦਾ ਹੈ, ਤਾਂ ਪੂਰਾ ਪਰਿਵਾਰ ਭਾਵਨਾਤਮਕ, ਸਰੀਰਕ ਅਤੇ ਵਿੱਤੀ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਇਸੇ ਲਈ ਹਸਪਤਾਲ ਦਾ ਫ਼ਲਸਫ਼ਾ ਅਪੰਗਤਾ ਨੂੰ ਘਟਾਉਣ ਅਤੇ ਮਰੀਜ਼ ਦੇ ਮਾਣ-ਸਨਮਾਨ ਨੂੰ ਬਹਾਲ ਕਰਨ 'ਤੇ ਕੇਂਦ੍ਰਿਤ ਹੈ। ਉਨ੍ਹਾਂ ਦਾ ਟੀਚਾ, ਅਧਰੰਗ ਦੇ ਹਰ ਮਰੀਜ਼ ਨੂੰ ਹਸਪਤਾਲ ਤੋਂ ਬਾਹਰ ਸੁਤੰਤਰ ਅਤੇ ਸਿਹਤਯਾਬ ਹੋ ਕੇ ਨਿਕਲਣ ਦਾ ਸਭ ਤੋਂ ਵਧੀਆ ਮੌਕਾ ਦੇਣਾ ਹੈ।

**★ ਅਧਰੰਗ ਦੇ ਮਰੀਜ਼ ਲਈ ਸਮਾਂ ਹੀ ਸਭ ਕੁੱਝ**

ਡਾ. ਨਵੀਨ ਚਿਤਕਾਰਾ (ਡਾਇਰੈਕਟਰ ਅਤੇ ਨਿਊਰੋ ਸਰਜਨ, ਐੱਮ. ਸੀ. ਐੱਚ ਨਿਊਰੋਸਰਜਰੀ) ਕਹਿੰਦੇ ਹਨ, ਕਿ ਜਿਸ ਪਲ ਇਕ ਅਧਰੰਗ ਦਾ ਮਰੀਜ਼ ਹਸਪਤਾਲ ਦੀ ਐਮਰਜੈਂਸੀ 'ਚ ਪਹੁੰਚਦਾ ਹੈ, ਉਨ੍ਹਾਂ ਦੀ ਟੀਮ ਨੂੰ ਬਿਲਕੁਲ ਪਤਾ ਹੁੰਦਾ ਹੈ, ਕਿ ਕੀ ਕਰਨਾ ਹੈ। ਉਹ ਤੁਰੰਤ ਬਿਮਾਰੀ ਦਾ ਮੁਲਾਂਕਣ, ਸਕੈਨ ਅਤੇ ਇਲਾਜ ਸ਼ੁਰੂ ਕਰਦੇ ਹਨ। ਇਸ ਤਰ੍ਹਾਂ ਹਰ ਬਚਾਇਆ ਗਿਆ ਪਲ ਲੱਖਾਂ ਦਿਮਾਗੀ ਸੈੱਲਾਂ ਨੂੰ ਸੁਰੱਖਿਅਤ ਰੱਖਦਾ ਹੈ। ਡਾ. ਚਿਤਕਾਰਾ ਨੇ ਕਿਹਾ ਕਿ ਜਦੋਂ ਅਧਰੰਗ ਦੀ ਗੱਲ ਆਉਂਦੀ ਹੈ, ਤਾਂ ਸਮਾਂ ਸਿਰਫ਼ ਮਹੱਤਵਪੂਰਨ ਹੀ ਨਹੀਂ ਹੁੰਦਾ, ਸਗੋਂ ਸਭ ਕੁਝ ਹੁੰਦਾ ਹੈ। ਹਰ ਲੰਘਦਾ ਪਲ ਸਿਹਤਯਾਬੀ ਅਤੇ ਅਪੰਗਤਾ, ਜਾਂ ਇਥੋਂ ਤੱਕ ਕਿ ਜ਼ਿੰਦਗੀ ਅਤੇ ਮੌਤ 'ਚ ਅੰਤਰ ਦਾ ਅਰਥ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐੱਨ. ਐੱਚ. ਐੱਸ. ਹਸਪਤਾਲ ਮਰੀਜ਼ ਦੇ ਆਉਣ ਤੋਂ ਲੈ ਕੇ ਪੁਨਰਵਾਸ ਤੱਕ ਹਰ ਕਿਸਮ ਦੀ ਅਧਰੰਗ ਐਮਰਜੈਂਸੀ ਨੂੰ ਸੰਭਾਲਣ ਲਈ ਤਕਨੀਕੀ ਅਤੇ ਕਲੀਨਿਕਲ ਤੌਰ 'ਤੇ ਪੂਰੀ ਤਰ੍ਹਾਂ ਲੈਸ ਹੈ। ਇਲਾਜ ਲਈ ਸਲਾਹਕਾਰਾਂ 'ਚ 70 ਸਾਲਾਂ ਤੋਂ ਵੱਧ ਸਮੂਹਿਕ ਤਜਰਬਾ ਅਤੇ ਇਕ ਦਹਾਕੇ ਤੋਂ ਵੱਧ ਸਮਰਪਿਤ ਅਧਰੰਗ ਦੀ ਦੇਖਭਾਲ ਦੇ ਨਾਲ, ਐੱਨ. ਐੱਚ. ਐੱਸ. ਹਸਪਤਾਲ ਨੇ ਨਿਊਰੋਸਾਇੰਸ 'ਚ ਉੱਤਮਤਾ ਲਈ ਖੇਤਰੀ ਮਾਪਦੰਡ ਸਥਾਪਤ ਕੀਤਾ ਹੈ।

**★ ਮਰੀਜ਼ ਦੀ ਸਿਹਤਯਾਬੀ ਲਈ ਸਮੇਂ ਦੇ ਵਿਰੁੱਧ ਦੌੜ**

ਡਾ. ਗੋਇਲ ਨੇ ਕਿਹਾ ਕਿ ਪਹਿਲਾਂ ਅਧਰੰਗ ਦੇ ਮਰੀਜ਼ ਨੂੰ ਜਾਂਚ ਅਤੇ ਇਲਾਜ ਸ਼ੁਰੂ ਹੋਣ ਤੱਕ ਲਗਦੇ ਸਮੇਂ ਨਾਲ ਸ਼ੁਰੂਆਤੀ ਕੀਮਤੀ ਪਲਾਂ ਦਾ ਦਿਮਾਗ ਨੂੰ ਅਕਸਰ ਨਾ ਪੂਰਾ ਹੋਣ ਵਾਲਾ ਨੁਕਸਾਨ ਹੁੰਦਾ ਸੀ, ਪਰ ਐੱਨ.ਐੱਚ.ਐੱਸ. ਹਸਪਤਾਲ ਨੇ ਉਸ ਕਹਾਣੀ ਨੂੰ ਬਦਲ ਦਿੱਤਾ ਹੈ। ਇਹ ਇਸ ਖੇਤਰ ਦਾ ਪਹਿਲਾ ਹਸਪਤਾਲ ਬਣ ਗਿਆ ਹੈ, ਜਿਸ ਨੇ ਐਮਰਜੈਂਸੀ ਵਿਭਾਗ ਦੇ ਅੰਦਰ ਹੀ ਸੀ. ਟੀ. ਅਤੇ ਐੱਮ. ਆਰ. ਆਈ. ਸਕੈਨਰ ਲਗਾਏ, ਜਿਸ ਨਾਲ ਮਰੀਜ਼ਾਂ ਨੂੰ ਇਕ ਤੋਂ ਦੂਸਰੀ ਜਗ੍ਹਾ ਲੈ ਜਾਣ 'ਚ ਅਕਸਰ ਹੋਣ ਵਾਲੀ ਦੇਰੀ ਖ਼ਤਮ ਹੋ ਗਈ। ਇੱਥੇ, ਮਰੀਜ਼ ਦੇ ਆਉਣ ਅਤੇ ਗਤਲਾ ਨਸ਼ਟ (ਕਲੋਟ ਬਸਟਿੰਗ) ਕਰਨ ਦੀ ਦਵਾਈ ਦੇਣ ਦੀ ਪ੍ਰਕਿਰਿਆ ਦੇ ਵਿਚਕਾਰ 'ਦਰਵਾਜ਼ੇ ਤੋਂ ਸੂਈ ਲਗਾਉਣ ਤੱਕ' ਦਾ ਸਮਾਂ ਲਗਭਗ ਨਾ-ਮਾਤਰ ਹੈ। ਇਸ ਤਰ੍ਹਾਂ ਇਲਾਜ ਦੀ ਪ੍ਰਕਿਰਿਆ ਬਿਮਾਰੀ ਦੇ ਮਾੜੇ ਪ੍ਰਭਾਵ ਦੀ ਗਤੀ ਤੋਂ ਵਿਰੁੱਧ ਚੱਲਣੀ ਸ਼ੁਰੂ ਹੋ ਜਾਂਦੀ ਹੈ।

**★ ਹਰ ਕਦਮ 'ਤੇ ਉੱਨਤ ਤਕਨਾਲੋਜੀ**

ਤੇਜ਼ ਗਤੀ 'ਚ ਇਲਾਜ ਕਰਨ ਦੇ ਨਾਲ-ਨਾਲ ਐੱਨ. ਐੱਚ. ਐੱਸ. ਹਸਪਤਾਲ ਸ਼ੁੱਧਤਾ 'ਤੇ ਵੀ ਮਾਣ ਕਰਦਾ ਹੈ। ਹਸਪਤਾਲ ਦੀ 3-ਡੀ ਫਲੈਟ-ਪੈਨਲ ਕੈਥ ਲੈਬ ਇਕ ਤਕਨੀਕੀ ਚਮਤਕਾਰ ਹੈ - ਮਕੈਨੀਕਲ ਥ੍ਰੋਮਬੈਕਟੋਮੀ (ਬਲਾਕਡ ਧਮਨੀਆਂ ਤੋਂ ਥੱਕੇ ਹਟਾਉਣਾ) ਅਤੇ ਦਿਮਾਗ ਦੇ ਐਨਿਉਰਿਜ਼ਮ (ਛੋਟੇ ਗੁਬਾਰੇ ਵਰਗੀਆਂ ਸੋਜਾਂ ਜੋ ਫਟ ਸਕਦੀਆਂ ਹਨ ਅਤੇ ਖ਼ੂਨ ਵਹਿ ਸਕਦਾ ਹੈ) ਵਰਗੀਆਂ ਗੁੰਝਲਦਾਰ ਨਿਊਰੋ ਇੰਟਰਵੈਂਸ਼ਨਲ ਪ੍ਰਕਿਰਿਆਵਾਂ ਲਈ 3-ਡੀ ਇਮੇਜਿੰਗ ਇਹ ਯਕੀਨੀ ਬਣਾਉਂਦੀ ਹੈ, ਕਿ ਕੋਆਇਲ ਅਤੇ ਕੈਥੀਟਰ ਮਿਲੀਮੀਟਰ ਸ਼ੁੱਧਤਾ ਨਾਲ ਰੱਖੇ ਗਏ ਹਨ, ਜੋ ਸੁਰੱਖਿਆ ਅਤੇ ਨਤੀਜਿਆਂ ਦੋਵਾਂ 'ਚ ਸੁਧਾਰ ਕਰਦੇ ਹਨ। ਡਾ. ਗੋਇਲ ਦਾ ਕਹਿਣਾ ਹੈ ਕਿ 'ਇਸ ਆਧੁਨਿਕ ਤਕਨਾਲੋਜੀ ਨਾਲ ਉਹ ਜੋ ਸ਼ੁੱਧਤਾ ਪ੍ਰਾਪਤ ਕਰਦੇ ਹਨ, ਉਹ ਸ਼ਾਨਦਾਰ ਹੈ, ਜੋ ਮਰੀਜ਼ ਦੀ ਸਿਹਤਯਾਬੀ ਨੂੰ ਯਕੀਨੀ ਬਣਾਉਂਦਾ ਹੈ।

**★ ਪਹਿਲੇ ਦਿਨ ਤੋਂ ਸ਼ੁਰੂ ਹੋ ਜਾਂਦਾ ਹੈ ਪੁਨਰਵਾਸ**

14 ਫਿਜ਼ੀਓਥੈਰੇਪਿਸਟਾਂ ਦੀ ਇਕ ਟੀਮ, ਜਿਸ 'ਚ ਨਿਊਰੋ-ਫਿਜ਼ੀਓਥੈਰੇਪਿਸਟ ਵੀ ਸ਼ਾਮਲ ਹਨ, ਆਈ.ਸੀ.ਯੂ. ਦੇ ਅੰਦਰ ਹੀ ਮਰੀਜ਼ਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੰਦੀ ਹੈ। ਜਟਿਲਤਾਵਾਂ ਨੂੰ ਰੋਕਣ ਅਤੇ ਗਤੀਸ਼ੀਲਤਾ ਨੂੰ ਬਹਾਲ ਕਰਨ ਲਈ ਸ਼ੁਰੂਆਤੀ ਗਤੀਸ਼ੀਲਤਾ ਅਤੇ ਥੈਰੇਪੀ ਬਹੁਤ ਜ਼ਰੂਰੀ ਹੈ। ਡਾ. ਗੋਇਲ ਕਹਿੰਦੇ ਹਨ, 'ਉਹ ਮਰੀਜ਼ ਦੇ ਆਈ. ਸੀ. ਯੂ. ਤੋਂ ਬਾਹਰ ਜਾਣ ਦੀ ਉਡੀਕ ਨਹੀਂ ਕਰਦੇ' 'ਪੁਨਰਵਾਸ ਪਹਿਲੇ ਦਿਨ ਤੋਂ ਹੀ ਸ਼ੁਰੂ ਹੁੰਦਾ ਹੈ'। ਇਹ ਇਕ ਟੀਮ ਯਤਨ ਹੈ, ਜਿਸਦਾ ਉਦੇਸ਼ ਮਰੀਜ਼ਾਂ ਨੂੰ ਉਨ੍ਹਾਂ ਦੀ ਆਜ਼ਾਦੀ ਵਾਪਸ ਦੇਣਾ ਹੈ'

**ਐੱਨ. ਐੱਚ. ਐੱਸ. ਹਸਪਤਾਲ**
ਸਾਹਮਣੇ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ ਸ਼ਹਿਰ
ਐਮਰਜੈਂਸੀ 81969 46333 ਐਂਬੂਲੈਂਸ 77106 46333




ਫਗਵਾੜਾ ਵਿਖੇ ਨਵੇਂ ਐਲਾਨੇ ਗਏ ਯੂਥ ਪ੍ਰਧਾਨਾਂ ਨੂੰ ਸਿਰੋਪਾਓ ਪਾਉਂਦੇ ਹੋਏ ਸੁਖਬੀਰ ਸਿੰਘ ਬਾਦਲ ਤੇ ਹਲਕਾ ਇੰਚਾਰਜ ਰਣਜੀਤ ਸਿੰਘ। ਤਸਵੀਰ. ਵਾਲੀਆ

# ਸੁਖਬੀਰ ਸਿੰਘ ਬਾਦਲ ਨੇ ਫਗਵਾੜਾ ਫੇਰੀ ਦੌਰਾਨ ਬੀ.ਸੀ. ਵਿੰਗ ਸਮੇਤ ਤਿੰਨ ਯੂਥ ਪ੍ਰਧਾਨਾਂ ਦਾ ਕੀਤਾ ਐਲਾਨ

## ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਿਆ ਜਾਵੇ-ਖੁਰਾਣਾ, ਚੰਦੀ

ਫਗਵਾੜਾ, 28 ਅਕਤੂਬਰ (ਅਸ਼ੋਕ ਕੁਮਾਰ ਵਾਲੀਆ)-ਸ਼੍ਰੋਮਣੀ ਅਕਾਲੀ ਦਲ (ਬ) ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨ ਫਗਵਾੜਾ ਫੇਰੀ ਦੌਰਾਨ ਬੀ.ਸੀ. ਵਿੰਗ ਸਮੇਤ ਤਿੰਨ ਯੂਥ ਪ੍ਰਧਾਨਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਨਵੇਂ ਥਾਪੇ ਗਏ ਪ੍ਰਧਾਨਾਂ 'ਚ ਰੋਹਿਤ ਪਾਲ ਨੂੰ ਬੀ.ਸੀ. ਵਿੰਗ ਫਗਵਾੜਾ ਦਾ ਯੂਥ ਪ੍ਰਧਾਨ ਜਦਕਿ ਸੁਖਦੀਪ ਸਿੰਘ ਵਾਲੀਆ ਨੂੰ ਜ਼ੋਨ 2 ਸਰਕਲ ਸੁਖਚੈਨ ਨਗਰ ਅਤੇ ਰਵਨੀਤ ਸਿੰਘ ਭੰਮਰਾ ਨੂੰ ਜ਼ੋਨ 4 ਸਰਕਲ ਸਤਨਾਮਪੁਰਾ ਦਾ ਯੂਥ ਪ੍ਰਧਾਨ ਐਲਾਨਿਆ ਗਿਆ ਹੈ। ਇਸ ਤੋਂ ਪਹਿਲਾਂ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਫਗਵਾੜਾ ਪੁੱਜਣ 'ਤੇ ਸ਼੍ਰੋਮਣੀ ਅਕਾਲੀ ਦਲ ਹਲਕਾ ਸ਼ਹਿਰੀ ਦੇ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਦਿਹਾਤੀ ਹਲਕਾ ਇੰਚਾਰਜ ਰਾਜਿੰਦਰ ਸਿੰਘ ਚੰਦੀ ਦੀ ਅਗਵਾਈ ਹੇਠ ਜਰਨੈਲ ਸਿੰਘ ਵਾਹਦ ਸਾਬਕਾ ਚੇਅਰਮੈਨ ਮਾਰਕਫੈੱਡ ਪੰਜਾਬ ਦੀ ਰਿਹਾਇਸ਼ ਤੇ ਸਮੂਹ ਸੀਨੀਅਰ ਲੀਡਰਸ਼ਿਪ ਨੇ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਕੀਤਾ। ਸੁਖਬੀਰ ਸਿੰਘ ਬਾਦਲ ਨੇ ਨਵਨਿਯੁਕਤ ਪ੍ਰਧਾਨਾਂ ਦੇ ਨਾਵਾਂ ਦਾ ਐਲਾਨ ਕਰਦਿਆਂ ਕਿਹਾ ਕਿ ਨੌਜਵਾਨ ਸ਼ਕਤੀ ਅਗਲੀਆਂ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ 'ਚ ਪੰਥ ਤੇ ਪੰਜਾਬ ਦੇ ਹੱਕਾਂ ਦੇ ਪਹਿਰੇਦਾਰ ਸ਼੍ਰੋਮਣੀ ਅਕਾਲੀ ਦਲ ਨੂੰ ਸੂਬੇ ਦੀ ਸੱਤਾ 'ਚ ਸ਼ਾਨਦਾਰ ਵਾਪਸੀ ਕਰਵਾਏਗੀ। ਇਸ ਦੌਰਾਨ ਹਲਕਾ ਇੰਚਾਰਜ ਰਣਜੀਤ ਸਿੰਘ ਖੁਰਾਣਾ ਅਤੇ ਰਾਜਿੰਦਰ ਸਿੰਘ ਚੰਦੀ ਨੇ ਯੂਥ ਪ੍ਰਧਾਨਾਂ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਸਮੂਹ ਯੂਥ ਪ੍ਰਧਾਨਾਂ ਨੂੰ ਵੱਧ ਤੋਂ ਵੱਧ ਨੌਜਵਾਨਾਂ ਨੂੰ ਪਾਰਟੀ ਦੀ ਵਿਚਾਰਧਾਰਾ ਦੇ ਨਾਲ ਜਾਣੂ ਕਰਵਾਉਂਦੇ ਹੋਏ ਪਾਰਟੀ ਵਿਚ ਸ਼ਾਮਲ ਕਰਵਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਬਤੌਰ ਹਲਕਾ ਇੰਚਾਰਜ ਉਹ ਯੂਥ ਪ੍ਰਧਾਨਾਂ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ। ਰਣਜੀਤ ਸਿੰਘ ਖੁਰਾਣਾ ਨੇ ਦਾਅਵੇ ਨਾਲ ਕਿਹਾ ਕਿ ਪੰਜਾਬ 'ਚ ਅਗਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੀ ਹੀ ਬਣੇਗੀ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਦੀ ਕਠਪੁਤਲੀ ਬਣ ਕੇ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਦਾ ਭੱਠਾ ਬਿਠਾਉਣ ਵਿਚ ਕੋਈ ਕਸਰ ਨਹੀਂ ਛੱਡੀ ਹੈ ਅਤੇ ਪੰਜਾਬ ਦੇ ਲੋਕ ਆਪ ਪਾਰਟੀ ਦੀ 'ਕੰਮ ਕੱਖਾਂ ਦਾ ਤੇ ਪ੍ਰਚਾਰ ਲੱਖਾਂ ਦਾ' ਵਾਲੀ ਨੀਤੀ ਤੋਂ ਭਲੀ-ਭਾਂਤਿ ਜਾਣੂ ਹੋ ਚੁੱਕੇ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਹਰਵਿੰਦਰ ਸਿੰਘ ਵਾਲੀਆਂ, ਬੀਬੀ ਸਰਬਜੀਤ ਕੌਰ, ਬਲਜੀਤ ਸਿੰਘ ਵਾਲੀਆਂ, ਅਵਤਾਰ ਸਿੰਘ ਭੁੰਗਰਨੀ, ਗੁਰਦੀਪ ਸਿੰਘ ਖੇੜਾ, ਬਿੰਦਰ ਸਿੰਘ ਰਾਵਲਪਿੰਡੀ, ਸਤਵਿੰਦਰ ਸਿੰਘ ਘੁੰਮਣ, ਜੀਤੀ ਖੇੜਾ, ਸਰੂਪ ਸਿੰਘ ਖਲਵਾੜਾ, ਬਹਾਦਰ ਸਿੰਘ ਸੰਗਤਪੁਰ, ਪ੍ਰਿਤਪਾਲ ਸਿੰਘ ਮੰਗਾ, ਸੁਖਵਿੰਦਰ ਸਿੰਘ ਕੰਬੋਜ, ਧਰਮਿੰਦਰ ਟੋਨੀ, ਸੁਖਬੀਰ ਸਿੰਘ ਕਿੰਨੜਾ, ਗੁਰਮੀਤ ਸਿੰਘ ਬਡਵਾਲ, ਕੁਲਵਿੰਦਰ ਸਿੰਘ ਕਿੰਦਾ, ਨਿਰਮਲ ਸਿੰਘ, ਸਰਬਜੀਤ ਸਿੰਘ ਮੰਡੇਰ, ਝਿਰਮਲ ਸਿੰਘ ਭਿੰਡਰ, ਹਰਜੋਤ ਸਿੰਘ ਪਾਹਵਾ, ਗੁਰਮੁਖ ਸਿੰਘ ਅਰੋੜਾ, ਗੁਰਬਖ਼ਸ਼ ਸਿੰਘ, ਪਰਮਿੰਦਰ ਸਿੰਘ ਜੰਡੂ, ਗੁਰਮੁਖ ਸਿੰਘ ਚਾਨਾ, ਸ਼ਿੰਗਾਰਾ ਸਿੰਘ, ਜਸਵਿੰਦਰ ਸਿੰਘ ਭਗਤਪੁਰਾ, ਗੁਰਜੀਤ ਸਿੰਘ ਵਿਰਦੀ, ਗੁਰਸਿਮਰ ਸਿੰਘ, ਸਮੇਤ ਵੱਡੀ ਗਿਣਤੀ 'ਚ ਅਕਾਲੀ ਵਰਕਰ ਤੇ ਸਮਰਥਕ ਹਾਜ਼ਰ ਸਨ।

# ਬਦਲਾਖੋਰੀ ਤਹਿਤ ਕੀਤੇ ਹਰ ਝੂਠੇ ਪਰਚੇ ਦਾ ਨਿਆਂ ਲਿਆ ਜਾਵੇਗਾ-ਸੁਖਪਾਲ ਖਹਿਰਾ

## ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਾਬਕਾ ਸਰਪੰਚ ਬਾਬਾ ਹਰਜੀਤ ਗਿਰੀ ਦਾ ਜਾਣਿਆ ਹਾਲ

ਨਡਾਲਾ, 28 ਅਕਤੂਬਰ (ਰਘਬਿੰਦਰ ਸਿੰਘ)-ਬੀਤੇ ਦਿਨੀਂ ਬਲਾਕ ਨਡਾਲਾ ਦੇ ਪਿੰਡ ਮਕਸੂਦਪੁਰ ਦੇ ਸਾਬਕਾ ਸਰਪੰਚ ਬਾਬਾ ਹਰਜੀਤ ਗਿਰੀ ਨੂੰ ਬੇਗੋਵਾਲ ਪੁਲਿਸ ਨੇ 295 ਏ ਤਹਿਤ ਕੀਤੇ ਮੁਕੱਦਮੇ ਤਹਿਤ ਗ੍ਰਿਫ਼ਤਾਰ ਕੀਤਾ ਸੀ। ਅੱਜ ਜ਼ਮਾਨਤ ਮਗਰੋਂ ਬਾਬਾ ਹਰਜੀਤ ਗਿਰੀ ਦੀ ਰਿਹਾਈ ਤੋਂ ਬਾਅਦ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਮਕਸੂਦਪੁਰ ਬਾਬਾ ਗਿਰੀ ਦੇ ਡੇਰੇ ਪੁੱਜੇ ਤੇ ਉਨ੍ਹਾਂ ਦਾ ਹਾਲ ਜਾਣਿਆ। ਇਸ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਬਾਬਾ ਹਰਜੀਤ ਗਿਰੀ ਜਿੱਥੇ ਪਿੰਡ ਦੇ ਸਰਪੰਚ ਰਹਿ ਚੁੱਕੇ ਹਨ, ਉੱਥੇ ਉਨ੍ਹਾਂ ਆਪਣਾ ਸਾਰਾ ਜੀਵਨ ਇਕ ਧਾਰਮਿਕ ਪ੍ਰਵਿਰਤੀ ਵਜੋਂ ਜੂਨਾ ਅਖਾੜਾ ਹਰਿਦੁਆਰ ਨਾਲ ਜੁੜ ਕੇ ਹਮੇਸ਼ਾ ਮਨੁੱਖਤਾ ਦੀ ਸੇਵਾ ਕਰਦੇ ਬਤੀਤ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਇਕ ਮਹੀਨੇ ਦੌਰਾਨ ਮੇਰੇ 6 ਮੋਹਤਬਰ ਸਮਰਥਕਾਂ 'ਤੇ ਬਦਲਾਖੋਰੀ ਦੀ ਨੀਤੀ ਨਾਲ ਪਰਚੇ ਦਰਜ ਕੀਤੇ ਗਏ ਹਨ ਜੋ ਕਿ ਸਰਾਸਰ ਇਕ ਧੱਕੇਸ਼ਾਹੀ ਹੈ। ਇਸ ਮੌਕੇ ਗ੍ਰਾਮ ਸਭਾ ਪ੍ਰਧਾਨ ਮਕਸੂਦਪੁਰ ਗੁਰਵਿੰਦਰ ਸਿੰਘ ਤੂਰ, ਮਨਜੀਤ ਸਿੰਘ ਚੀਮਾ, ਹਰਿੰਦਰ ਸਿੰਘ ਪੀਟਰ ਮੀਤ ਪ੍ਰਧਾਨ, ਨਰਿੰਦਰ ਕੌਰ ਪੰਚ, ਦਲੀਪ ਸਿੰਘ ਸਾਬਕਾ ਮੈਂਬਰ ਪੰਚਾਇਤ, ਲਖਵੀਰ ਸਿੰਘ ਪ੍ਰਧਾਨ ਬੀਕੇਯੂ, ਸਾਬਕਾ ਮੈਂਬਰ ਅਵਤਾਰ ਸਿੰਘ,ਰਜਿੰਦਰ ਸਿੰਘ ਪੰਚ, ਮਨਜੀਤ ਕੌਰ ਸਾਬਕਾ ਮੈਂਬਰ,ਬਲਬੀਰ ਸਿੰਘ, ਸ਼ਮਸ਼ੇਰ ਸਿੰਘ, ਸੁਰਿੰਦਰ ਕੱਕੜ ਭੁਲੱਥ, ਪਰਮਜੀਤ ਕੌਰ, ਬਲਦੇਵ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।



ਪਿੰਡ ਮਕਸੂਦਪੁਰ ਪੁੱਜੇ ਗੱਲਬਾਤ ਕਰਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ। ਉਨ੍ਹਾਂ ਨਾਲ ਸਾਬਕਾ ਸਰਪੰਚ ਬਾਬਾ ਹਰਜੀਤ ਗਿਰੀ ਅਤੇ ਹੋਰ ਪਿੰਡ ਵਾਸੀ। ਤਸਵੀਰ. ਰਘਬਿੰਦਰ ਸਿੰਘ

# ਵਿਜੀਲੈਂਸ ਜਾਗਰੂਕਤਾ ਹਫ਼ਤਾ ਤਹਿਤ ਪਿਰਾਮਿਡ ਕਾਲਜ ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ

ਫਗਵਾੜਾ, 28 ਅਕਤੂਬਰ (ਹਰਜੋਤ ਸਿੰਘ ਚਾਨਾ)-ਵਿਜੀਲੈਂਸ ਬਿਊਰੋ ਯੂਨਿਟ ਕਪੂਰਥਲਾ ਵਲੋਂ 27 ਅਕਤੂਬਰ ਤੋਂ 2 ਨਵੰਬਰ ਤੱਕ ਵਿਜੀਲੈਂਸ ਜਾਗਰੂਕ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਅੱਜ ਪਿਰਾਮਿਡ ਕਾਲਜ ਜੀ.ਟੀ ਰੋਡ ਵਿਖੇ ਭ੍ਰਿਸ਼ਟਾਚਾਰ ਨੂੰ ਰੋਕਣ ਸਬੰਧੀ ਆਮ ਪਬਲਿਕ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ 'ਚ ਵਿਵੇਕ ਮਿੱਤਲ ਡਾਇਰੈਕਟਰ ਪਿਰਾਮਿਡ ਕਾਲਜ, ਜੋਗਿੰਦਰਪਾਲ ਡੀ.ਐਸ.ਪੀ. ਵਿਜੀਲੈਂਸ ਬਿਊਰੋ ਕਪੂਰਥਲਾ, ਰਾਕੇਸ਼ ਕੁਮਾਰ ਮਹਾਜਨ ਐਚ.ਓ.ਡੀ, ਰਵਿੰਦਰ ਰਾਏ ਡਿਪਟੀ ਡੀ.ਏ, ਗੁਰਦੀਪ ਸਿੰਘ, ਇੰਸਪੈਕਟਰ ਪ੍ਰੀਤੀ ਵਿਜੀਲੈਂਸ ਬਿਊਰੋ ਕਪੂਰਥਲਾ ਦੇ ਸਮੂਹ ਕਰਮਚਾਰੀ ਤੇ ਕਾਲਜ ਦੇ ਪ੍ਰੋਫ਼ੈਸਰ ਤੇ ਵਿਦਿਆਰਥੀ ਸ਼ਾਮਿਲ ਹੋਏ। ਇਸ ਤੋਂ ਇਲਾਵਾ ਸਮਾਗਮ 'ਚ ਆਏ ਕਾਲਜ ਦੇ ਪ੍ਰੋਫ਼ੈਸਰਾਂ ਤੇ ਵਿਦਿਆਰਥੀਆ ਨੂੰ ਭ੍ਰਿਸ਼ਟਾਚਾਰ ਰੋਕਣ ਸਬੰਧੀ ਜਾਗਰੂਕ ਕੀਤਾ ਗਿਆ।

## 'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

**ਕਪੂਰਥਲਾ**

ਸ੍ਰੀ ਅਮਰਜੀਤ ਕੋਮਲ 98159-49153
ਬੂਥ ਨੰ: 4, 5, ਪਹਿਲੀ ਮੰਜ਼ਿਲ 01822-225190
ਇੰਪਰੂਵਮੈਂਟ ਟਰੱਸਟ ਮਾਰਕੀਟ 500114
ਮਾਡਲ ਟਾਊਨ, ਕਾਂਜਲੀ ਰੋਡ


**ਪੰਜਾਬ ਰਾਜ ਗੁਦਾਮ ਨਿਗਮ, ਚੰਡੀਗੜ੍ਹ**
**ਜ਼ਿਲ੍ਹਾ ਦਫਤਰ ਜਲੰਧਰ**
**ਨੋਟਿਸ**

ਪੰਜਾਬ ਸਰਕਾਰ ਦੁਆਰਾ ਡਿਫਾਲਟਰ ਮਿੱਲਾਂ ਦੇ ਫਾਇਦੇ ਲਈ OTS-2025 ਪਾਲਿਸੀ ਜਾਰੀ ਕੀਤੀ ਹੈ, ਜਿਸ ਅਨੁਸਾਰ ਹੇਠ ਲਿਖੀਆਂ ਮਿੱਲਾਂ ਨੂੰ OTS-2025 ਅਧੀਨ ਅਪਲਾਈ ਕਰਨ ਲਈ ਯੋਗ ਪਾਇਆ ਗਿਆ ਹੈ :-

| ਲੜੀ ਨੰ: | ਮਿੱਲਾਂ ਦਾ ਨਾਂਅ (ਮੈਸਰਜ਼) | ਕੇਂਦਰ ਦਾ ਨਾਂਅ /ਪਤਾ | ਫਸਲ ਸਾਲ |
|---|---|---|---|
| 1. | ਮਹਾਂਲਕਸ਼ਮੀ ਰਾਈਸ ਐਂਡ ਜਨਰਲ ਮਿੱਲਜ਼ | ਨਕੋਦਰ | 1995-96 |
| 2. | ਖੁਸ਼ੀ ਰਾਮ ਦੁਰਗਾ ਦਾਸ | ਜਲੰਧਰ | 2001-02 |
| 3. | ਰਾਮਾ ਕ੍ਰਿਸ਼ਨਾ ਰਾਈਸ ਐਂਡ ਜਨਰਲ ਮਿੱਲਜ਼ | ਫਿਲੌਰ | 2010-11 |
| 4. | ਉਜਾਗਰ ਮੱਲ ਸੱਤਪਾਲ | ਨਕੋਦਰ | 2011-12 |
| 5. | ਸੰਧੂ ਰਾਈਸ ਐਂਡ ਜਨਰਲ ਮਿੱਲਜ਼ | ਨਕੋਦਰ | 2012-13 |

ਉਪਰੋਕਤ ਮਿੱਲ ਮਾਲਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਰਕਾਰ ਦੁਆਰਾ ਦਿੱਤੇ ਗਏ ਲਾਭ ਲੈਣ ਲਈ ਮਿਤੀ 31.10.2025 ਜਾਂ ਇਸ ਤੋਂ ਪਹਿਲਾਂ ਨਿਮਨ ਹਸਤਾਖਰ ਨਾਲ ਸੰਪਰਕ ਕਰਨ।

ਜ਼ਿਲ੍ਹਾ ਪ੍ਰਬੰਧਕ,
ਪੰਜਾਬ ਰਾਜ ਗੁਦਾਮ ਨਿਗਮ, ਜਲੰਧਰ।

No. : PWC/DM/JLD 5875/25 M.-81466-62007, 81468-77336








